ਧਰਮ ਰੱਖਜਕ ਪਤਿਬ੍ਰਤਾ ਸਿੰਘਣੀ

# ਸੱਤਵੰਤੀ ਰਾਜਕੌਰ

G.279



ਪ੍ਰਕਾਸ਼ਕ

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਪੁਸਤਕਾਂ ਵਾਲੇ ਬਾਜ਼ਾਰ ਮਾਈਸੇਵਾਂ ਅੰਮ੍ਰਿਤਸਰ

ਸਿਖਨੈਸ਼ਨਲਏਜੰਸੀ ਵਲੋਂ ਪ੍ਰਕਾਸ਼ਤਪੁਸਤਕ ਨੰ: ੨੦੮

ਧਰਮ ਰੱਖਯਕ ਪਤਿਬ੍ਰਤਾ ਸਿੰਘਣੀ

# ਸੱਤਵੰਤੀ ਰਾਜਕੌਰ

ਲੇਖਕ—ਭਾਈ ਗਿਆਨ ਸਿੰਘ ਜੀ

ਕਰਤਾ—

ਬਹਾਦਰ ਬਲਵੰਤ ਕੌਰ, ਬਹਾਦਰ ਬਲਬੀਰ ਕੌਰ

ਸਰਦਾਰਨੀ ਜਗਜੀਤ ਕੌਰ ਆਦਿਕ

(ਜੋ ਰਸਾਲਾ ਮਸਤਾਨਾ ਵਿਚ ਛਪ ਚੁਕੀ ਹੈ)

DYAL SINGH LIBRARY.

ਪ੍ਰਕਾਸ਼ਕ

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਵਾਲੇ ਬਾਜ਼ਾਰ ਮਾਈਸੇਵਾਂ ਅੰਮ੍ਰਿਤਸਰ

---

ਗੁਰਦਿਆਲ ਸਿੰਘ ਪ੍ਰਿੰਟਿੰਗ ਪ੍ਰੈਸ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਿਚ ਭਾਈ ਬੂਟਾ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆ ਤੇ ਭਾਈ ਬੂਟਾਸਿੰਘ ਪ੍ਰਤਾਪਸਿੰਘ ਪੁਸਤਕਾਂ ਵਾਲੇ ਅੰਮ੍ਰਿਤਸਰ ਲਈ ਛਪਿਆ ਮੁਲ।)

ੴ ਸਤਿਗੁਰਪ੍ਰਸਾਦਿ ॥

# ਰਾਜਕੌਰ

ਦੱਸ ਇਸ ਵਕਤ ਤੇਰਾ ਪਤੀ ਕਿਥੇ ਹੈ ? ਯਾ ਤੇਰਾ ਗੁਰੂ ?

ਮਸਿਆ ਦੀ ਹਨੇਰੀ ਰਾਤ ਦਾ ਮੌਸਮ, ਮੀਂਹ ਅਤੇ ਠੰਢੀ ੨ ਹਵਾ ਦਾ ਚਲਣਾ, ਬਿਜਲੀ ਦੀ ਚਮਕ, ਨਿਕੀ ਜੇਹੀ ਸੰਗੀਨ ਕੋਠੜੀ, ਚਵੀਂ ਪਾਸੀਂ ਸੀਖਾਂ ਵਾਲੀਆਂ ਬਾਰੀਆਂ, ਚੁਫੇਰੇ ਦਰਖਤਾਂ ਦਾ ਝੁਰਮਟ, ਸ਼ਾਂ ਸ਼ਾਂ ਦੀ ਡਰਾਉਣੀ ਅਵਾਜ਼, ਜਿਸ ਵਿਖੇ ਅਪਨੇ ਨਾਮ ਦੇ ਰਸ ਵਿਚ ਰੱਤੀ ਹੋਈ ਬੀਬੀ ਰਾਜਕੌਰ ਸ੍ਰੀ ਆਸਾਦੀ ਵਾਰ ਦਾ ਛੰਦਾਂ ਛਕਿਆਂ ਸਮੇਤ ਪਾਠ ਕਰ ਰਹੀ ਸੀ ਜਾਂ ਇਕ ਰੌਸ਼ਨੀ ਚੇਹਰੇ ਤੇ ਪਈ, ਅਤੇ ਦਰ-ਵਾਜ਼ਾ ਖੁਲਨ ਦੀ ਅਵਾਜ਼ ਆਈ ॥

ਰਾਜਕੌਰ ਦੇ ਮੂੰਹੋਂ ਇਹ ਵਾਕ ਨਿਕਲਿਆ

ਹੀ ਸੀ ਕਿ-- ਸੇਵਕ ਕਉ ਨਿਕਟੀ ਹੋਇ ਦਖਾਵੇ। ਜਹਾਂ ਜਹਾਂ ਕਾਜ ਕਿਰਤ ਸੇਵਕ ਕਉ ਤਹਾਂ ਤਹਾਂ ਉਠਿ ਧਾਵੈ ॥

ਅਗੋਂ ਕੜਕਦੀ ਅਵਾਜ ਆਈ 'ਦਸ ਇਸ ਵਕਤ ਤੇਰਾ ਪਤੀ ਕਿਥੇ ਹੈ ? ਯਾ ਤੇਰਾ ਗੁਰੂ' ?

ਰਾਜ ਕੌਰ ਦੀਆਂ ਅਖਾਂ ਖੁਲ ਗਈਆਂ ਤਾਂ ਅਗੇ ਡਾਕੂ ਨੂੰ ਮਸਾਲ ਅਤੇ ਤਲਵਾਰ ਲਈ ਸਾਹਮਣੇ ਖੜਾ ਦੇਖਿਆ ਅਰ ਫਿਰ ਬੋਲਿਆ ਕਿ ਜਲਦੀ ਦਸ ਇਹ ਕੀ ਕਹਿ ਰਹੀ ਹੈਂ ? ਕਿ 'ਜਹਾ ਜਹਾਂ ਕਾਜ ਕਿਰਤ ਸੇਵਕ ਕੇ ਤਹਾਂ ਤਹਾਂ ਉਠ ਧਾਵੈ' ਇਹਦਾ ਕੀ ਮਤਲਬ ਹੈ ?

ਰਾਜਕੌਰ--ਵੀਰ ਜੀ ! ਇਹ ਮੇਰੇ ਗੁਰੂ ਦਾ ਵਾਕ ਹੈ ਕਿ ਜਿਥੇ੨ ਗੁਰੂਦੇ ਸੇਵਕਾਂ ਨੂੰ ਬਿਪਤਾ ਯਾ ਮੁਸ਼ਕਲ ਦਾ ਸਮਾ ਆਨ ਬਣਦਾ ਹੈ, ਓਥੇ ਓਥੇ ਹੀ ਗੁਰੂ ਸਿਖਾਂ ਦੀ ਮਦਦ ਕਰਨ ਲਈ ਉਠ ਭਜਦਾ ਹੈ,ਪਹੁੰਚਦਾ ਹੈ ॥

ਡਾਕੂ--(ਹਸਕੇ) ਹੱਛਾ ! ਇਸ ਵਕਤ ਤੇਰੀ



ਬਿਪਤਾ ਦ ਸਮੇ, ਜਿਸ ਵਕਤ ਮੇਰੀ ਤਲਵਾਰ ਤੇਰੀ ਗਰਦਨ ਤੇ ਹੁਣ ਆਉਣ ਲਗੀ ਹੈ, ਦਸ ਤੇਰਾ ਗੁਰੂ ਤੇਰੀ ਵਲ ਦੌੜਿਆ ਆਉਂਦਾ ਹੈ ?

ਰਾਜਕੌਰ—ਹਾਂ ਵੀਰ ਜੀ! ਦੌੜਿਆ ਔਂਦਾ ਹੈ

ਡਾਕੂ--ਕਿਥੇ ਹੈ ?

ਰਾਜਕੌਰ—ਤੇਰੀ ਤਲਵਾਰ ਦੀ ਧਾਰ ਅਗੇ।

ਡਾਕੂ—ਤਲਵਾਰ ਦੀ ਧਾਰ ਤੋਂ ਬਚਾਵੇਗਾ ?

ਰਾਜਕੌਰ--ਹਾਂ ! ਜੇ ਚਾਹਵੇਗਾ ਤਾਂ।

ਡਾਕੂ—ਲੈ ਤਲਵਾਰ ਆਈਊ! ਕੈਂਹਦਿਆਂ ਹੀ ਡਾਕੂ ਨੇ ਤਲਵਾਰ ਦਾ ਵਾਰ ਕੀਤਾ,ਜਿਉਂ ਹੀ ਪੈਰ ਤੇ ਕੰਨਖਜੂਰਾ ਚੜਿਆ ਉਹ ਤ੍ਰਬਕਕੇ ਚਿੱਤੜਾਂ ਭਾਰ ਡਿਗਾ ਅਤੇ ਤਲਵਾਰ ਦਾ ਵਾਰ ਆਪਣੀ ਲਤ ਦੀ ਪਿੰਨੀ ਤੇ ਵਜਾ,ਲੱਤ ਕਟਕੇ ਪਰੇ ਜਾ ਪਈ ਅਰ ਬੇਹੋਸ਼ ਹੋਕੇ ਲੰਮਾ ਪੈਗਿਆ

ਚਟਪਟ ਰਾਜਕੌਰ ਉਠੀ ਅਤੇ ਉਸ ਡਾਕੂ ਦੀ ਸੇਵਾ ਵਿਖੇ ਲਗ ਗਈ। ਮੋਢੇ ਨਪੇ, ਲਤ ਦਾ ਲਹੂ ਪੂੰਝਿਆ, ਉਪਰ ਆਪਣਾ ਕਪੜਾ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.